# ਪੰਜਾਬੀ ਕੰਪਿਊਟਰ ਸਹਾਇਤਾ ਕੇਂਦਰ

## ਪੰਜਾਬੀ ਯੂਨੀਵਰਸਿਟੀ, ਪਟਿਆਲਾ

**Punjabi Computer Help Centre, Punjabi University, Patiala**

**120 ਘੰਟਿਆਂ ਦਾ ਤਿਮਾਹੀ ਕੋਰਸ**

**ਸਰਟੀਫਿਕੇਟ ਕੋਰਸ ਇਨ ਪੰਜਾਬੀ ਕੰਪਿਊਟਿੰਗ (CCPC)**

**3 months course of 120 hours**

**Certificate Course in Punjabi Computing**

**ਦਾ**

## ਅਧਿਆਦੇਸ਼ (Ordinance) ਅਤੇ ਪਾਠਕ੍ਰਮ (Syllabus)

**ਰੂਸਾ ਦੀਆਂ ਸੇਧਾਂ 'ਤੇ ਵਿਕਲਪ ਅਧਾਰਿਤ ਕਰੈਡਿਟ ਪ੍ਰਬੰਧ**

(Choice Based Credit System As per RUSA Guidelines)

**(2021-22 ਸੈਸ਼ਨ ਲਈ)**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

**PUNJABI UNIVERSITY, PATIALA- 147002**

# ਕੋਰਸ ਦੀ ਰੂਪ-ਰੇਖਾ (Ordinance)

## ਸਰਟੀਫਿਕੇਟ ਕੋਰਸ ਇਨ ਪੰਜਾਬੀ ਕੰਪਿਊਟਿੰਗ- CCPC (03 months)

## SESSION 2021 ONWARDS

| | |
|---|---|
| **ਮੰਤਵ**<br>(Objective) | • ਇਹ ਕੋਰਸ ਕੰਪਿਊਟਰ ਦੇ ਖੇਤਰ ਵਿਚ ਨੌਕਰੀਆਂ/ਰੁਜ਼ਗਾਰ ਹਾਸਲ ਕਰਨ, ਤਕਨੀਕੀ ਹੁਨਰ ਦੇ ਵਿਕਾਸ/ਨਿਖਾਰ ਅਤੇ ਰੋਜ਼ਾਨਾ ਜ਼ਿੰਦਗੀ ਦੇ ਕੰਪਿਊਟਰ ਗਿਆਨ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਡਿਜ਼ਾਈਨ ਕੀਤਾ ਗਿਆ ਹੈ, ਜੋ ਸਰਕਾਰੀ ਨੌਕਰੀਆਂ ਲਈ ਮੰਗੇ ਜਾਂਦੇ ਪ੍ਰਮਾਣ-ਪੱਤਰ ਦੀ ਸ਼ਰਤ ਪੂਰੀ ਕਰਦਾ ਹੈ।ਇਹ ਕੋਰਸ ਪੂਰੀ ਤਰ੍ਹਾਂ ਨਾਲ ਪ੍ਰੈਕਟੀਕਲ ਤੇ ਆਧਾਰਿਤ ਹੈ।<br>• ਇਸ ਕੋਰਸ ਨੂੰ ਕਰਨ ਉਪਰੰਤ ਵਿਦਿਆਰਥੀ ਪੰਜਾਬੀ ਟਾਈਪਿੰਗ, ਪੰਜਾਬੀ ਸਾਫ਼ਟਵੇਅਰਾਂ, ਸਾਈਬਰ ਸੰਸਾਰ 'ਚ ਉੱਭਰਦੇ ਨਵੀਨ ਰੁਝਾਨਾਂ, ਵਰਡ ਪ੍ਰੋਸੈਸਿੰਗ ਆਦਿ ਵਿਚ ਮੁਹਾਰਤ ਹਾਸਿਲ ਕਰਦਾ ਹੈ।<br>• ਇਸ ਕੋਰਸ ਦੌਰਾਨ ਵਿਦਿਆਰਥੀ ਨੇ ਅਖੀਰ ਵਿਚ ਜੋ ਵੀ ਪੰਜਾਬੀ ਕੰਪਿਊਟਿੰਗ ਸੰਬੰਧੀ ਜੋ ਵੀ ਹੁਨਰ ਸਿੱਖੇ ਹਨ, ਦੇ ਗਿਆਨ ਨੂੰ ਵਰਤ ਕੇ, ਇਕ ਮੁੱਖ ਪ੍ਰੋਜੈਕਟ ਬਨਾਣਾ ਹੋਵੇਗਾ। ਇਸ ਪ੍ਰੋਜੈਕਟ ਰਾਹੀਂ ਵਿਦਿਆਰਥੀ ਨੂੰ ਪਤਾ ਚੱਲੇਗਾ ਕਿ ਜੋ ਵੀ ਇਸ ਕੋਰਸ ਵਿਚ ਸਿੱਖਿਆ ਹੈ, ਉਸ ਨੂੰ ਆਪਣੇ ਕੰਮਾਂ ਵਿਚ ਕਿਵੇਂ ਵਰਤੋਂ ਵਿਚ ਲੈ ਕੇ ਆਉਣਾ ਹੈ। |

**ਨਿਯਮ (Rules)**

| | | |
|---|---|---|
| 1. | ਦਾਖਲਾ | ਹਰੇਕ ਸਾਲ ਯੂਨੀਵਰਸਿਟੀ ਕੇਂਦਰੀ ਦਾਖਲਾ ਸੈੱਲ ਵੱਲੋਂ |
| 2. | ਕੋਰਸ | ਇਹ ਕੋਰਸ ਛੋਟਾ (Minor) ਕੋਰਸ ਹੈ ਤੇ ਇਹ ਕਿਸੇ ਵੀ ਵੱਡੇ (Major) ਕੋਰਸ ਦੇ ਨਾਲ-ਨਾਲ ਕੀਤਾ ਜਾ ਸਕਦਾ ਹੈ। |
| 3. | ਸਮਾਂ (Duration) | 3 ਮਹੀਨੇ (120 Hours) |
| 4. | ਕਲਾਸਾਂ | ਰੋਜ਼ਾਨਾ ਸ਼ਾਮੀ 2 ਤੋਂ 5 ਵਜੇ ਤੱਕ ਰੈਗੂਲਰ ਕਲਾਸ + ਵਿਚਾਰ ਵਟਾਂਦਰਾ ਗਰੁੱਪ (Discussion Forum) ਹਫ਼ਤੇ ਵਿਚ ਇਕ ਵਾਰ<br>1 ਘੰਟੇ ਦੇ ਪ੍ਰੈਕਟਿਕਲ ਸੈਸ਼ਨ ਜਾਂ ਵਿਚਾਰ ਵਟਾਂਦਰੇ ਨੂੰ 1 ਘੰਟੇ ਦੇ ਵਰਕਲੋਡ ਦੇ ਬਰਾਬਰ ਹੀ ਗਿਣਿਆ ਜਾਵੇਗਾ। |
| 5. | ਦਾਖ਼ਲੇ ਲਈ ਯੋਗਤਾ | ਉਮੀਦਵਾਰ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਕਿਸੇ ਮਾਨਤਾ ਪ੍ਰਾਪਤ ਬੋਰਡ/ ਯੂਨੀਵਰਸਿਟੀ ਤੋਂ ਮੈਟ੍ਰਿਕ ਜਾਂ ਬਰਾਬਰ ਦੀ ਪ੍ਰੀਖਿਆ ਪਾਸ ਹੋਵੇ ਤੇ ਉਸ ਨੇ ਪੰਜਾਬੀ ਲਾਜ਼ਮੀ ਤੌਰ 'ਤੇ ਪਾਸ ਕੀਤੀ ਹੋਵੇ; ਦਾਖਲਾ ਮੈਟ੍ਰਿਕ ਦੀ ਮੈਰਿਟ ਦੇ ਅਧਾਰ 'ਤੇ ਕੇਂਦਰੀ ਦਾਖ਼ਲਾ ਸੈੱਲ ਵੱਲੋਂ ਕੀਤਾ ਜਾਵੇਗਾ। ਕੰਪਿਊਟਰ ਦੀ ਮੁੱਢਲੀ ਸਿੱਖਿਆ ਹੋਣੀ ਜ਼ਰੂਰੀ |

| | | |
|---|---|---|
| | | ਹੈ। |
| 6. | ਪ੍ਰੀਖਿਆ ਦਾ ਮੁਲਾਂਕਣ | ਇਸ ਕੋਰਸ ਵਿਚ ਕੋਈ ਵੀ ਲਿਖਤੀ ਪੇਪਰ ਨਹੀਂ ਹੋਵੇਗਾ। ਕੇਵਲ ਅਖੀਰਲੇ ਮਹੀਨੇ ਵਿਚ ਬਣਾਏ ਵੱਡੇ (ਮੇਜਰ) ਪ੍ਰੋਜੈਕਟ ਅਤੇ ਮੌਖਿਕ ਪ੍ਰੀਖਿਆ ਦੇ ਆਧਾਰ ਤੇ ਮੁਲਾਂਕਣ ਕੀਤਾ ਜਾਵੇਗਾ। ਪ੍ਰੋਜੈਕਟ ਦੀ ਮੌਖਿਕ ਪ੍ਰੀਖਿਆ ਦਾ ਮੁਲਾਂਕਣ ਬਾਹਰਲੇ ਪ੍ਰੀਖਿਅਕ ਦੁਆਰਾ ਕੀਤਾ ਜਾਵੇਗਾ। ਮੌਖਿਕ ਪ੍ਰੀਖਿਆ ਕਰਵਾਉਣ ਦੀ ਜ਼ਿੰਮੇਵਾਰੀ ਕੇਂਦਰ ਦੀ ਹੋਵੇਗੀ। ਕੇਂਦਰ ਅੰਕ-ਸੂਚੀ ਪ੍ਰੀਖਿਆ ਸ਼ਾਖਾ ਨੂੰ ਭੇਜੇਗਾ। ਇਸ ਸਬੰਧ ਵਿਚ ਡੀਐੱਮਸੀ (DMC) ਪ੍ਰੀਖਿਆ ਸ਼ਾਖਾ ਜਾਰੀ ਕਰੇਗੀ। |
| 7. | ਫ਼ੀਸ | ਯੂਨੀਵਰਸਿਟੀ ਨਿਯਮਾਂ ਅਨੁਸਾਰ; ਪ੍ਰੀਖਿਆ ਫ਼ੀਸ ਵੱਖਰੀ ਨਹੀਂ ਲਈ ਜਾਵੇਗੀ |
| 8. | ਮਾਧਿਅਮ | ਹਦਾਇਤਾਂ/ਹਦਾਇਤ ਸਮਗਰੀ ਅਤੇ ਪ੍ਰੀਖਿਆ ਦਾ ਮਾਧਿਅਮ ਕੇਵਲ ਪੰਜਾਬੀ (ਗੁਰਮੁਖੀ) |
| 9. | ਬੈਚ (Batch) ਚਾਲੂ ਹੋਣ ਲਈ ਸ਼ਰਤ | ਕੋਰਸ ਲਈ ਪਰਵਾਨਤ ਸੀਟਾਂ ਵਿੱਚੋਂ ਘੱਟੋ-ਘੱਟ 75% ਸੀਟਾਂ ਪੂਰੀਆਂ ਹੋਣ ਦੀ ਸੂਰਤ ਵਿਚ ਹੀ ਸ਼ੁਰੂ ਹੋਵੇਗਾ। |
| 10. | ਪਾਸ ਪ੍ਰਤੀਸ਼ਤ | ਕੁੱਲ ਅੰਕਾਂ ਦੇ 70% ਅੰਕ |
| 11. | ਪ੍ਰੀਖਿਆ ਪਾਸ ਕਰਨ ਲਈ ਮੌਕੇ | i. ਪ੍ਰੀਖਿਆ ਸਾਲ ਵਿਚ ਇਕ ਵਾਰ ਰੈਗੂਲਰ ਬੈਚ ਦੇ ਨਾਲ ਲਈ ਜਾਵੇਗੀ।<br>ii. ਅੰਤਿਮ ਮੌਖਿਕ ਪ੍ਰੀਖਿਆ ਪਾਸ ਕਰਨ ਲਈ ਵਿਦਿਆਰਥੀ ਨੂੰ ਸਿਰਫ਼ ਇੱਕ ਮੌਕਾ ਹੀ ਮਿਲੇਗਾ ਤੇ ਸਫਲ ਨਾ ਹੋਣ ਦੀ ਸੂਰਤ 'ਚ ਵਿਦਿਆਰਥੀ ਨੂੰ 'ਫ਼ੇਲ੍ਹ' ਘੋਸ਼ਿਤ ਕੀਤਾ ਜਾਵੇਗਾ।<br>iii. ਕੋਈ ਵਿਦਿਆਰਥੀ ਅੰਤਿਮ ਮੌਖਿਕ ਪ੍ਰੀਖਿਆ ਵਿਚੋਂ ਫ਼ੇਲ੍ਹ ਤੇ ਅੰਦਰੂਨੀ ਮੁਲਾਂਕਣ ਵਿਚੋਂ ਪਾਸ ਹੋ ਜਾਂਦਾ ਹੈ ਤਾਂ ਉਸ ਨੂੰ ਯੂਨੀਵਰਸਿਟੀ ਦੀ ਅੰਤਿਮ ਪ੍ਰੀਖਿਆ ਪਾਸ ਕਰਨ ਉਪਰੰਤ ਅੰਦਰੂਨੀ ਮੁਲਾਂਕਣ ਦੇ ਪੁਰਾਣੇ ਅੰਕ ਹੀ ਦਿੱਤੇ ਜਾਣਗੇ। |
| 12. | ਰਿਆਇਤੀ ਅੰਕ | 'ਅਵਾਰਡ ਆਫ਼ ਗਰੇਸ ਮਾਰਕਸ' ਆਰਡੀਨੈਂਸ/ਯੂਨੀਵਰਸਿਟੀ ਨਿਯਮਾਂ ਅਨੁਸਾਰ ਉਮੀਦਵਾਰ ਨੂੰ ਰਿਆਇਤੀ ਅੰਕ ਦਿੱਤੇ ਜਾ ਸਕਦੇ ਹਨ। |
| 13. | ਹਾਜ਼ਰੀਆਂ | i) ਕੋਰਸ ਲਈ ਲੱਗੇ ਕੁੱਲ ਲੈਕਚਰਾਂ 'ਚੋਂ 75% ਹਾਜ਼ਰੀਆਂ ਲਾਜ਼ਮੀ<br>ii) ਹਾਜ਼ਰੀਆਂ ਘੱਟ ਹੋਣ ਦੀ ਸੂਰਤ 'ਚ ਯੂਨੀਵਰਸਿਟੀ ਨਿਯਮਾਂ ਅਨੁਸਾਰ ਫ਼ੈਸਲਾ ਹੋਵੇਗਾ। |
| 14. | ਪ੍ਰੀਖਿਆ | ਕੋਰਸ ਦੀ ਮੌਖਿਕ ਪ੍ਰੀਖਿਆ ਅੰਦਾਜਨ ਅਕਤੂਬਰ-ਨਵੰਬਰ ਵਿਚ ਲਈ ਜਾਵੇਗੀ। |
| 15. | ਵਿਭਾਗੀ ਕਮੇਟੀ/ਬੋਰਡ ਆਫ਼ ਸਟੱਡੀਜ਼ ਦਾ ਫ਼ੈਸਲਾ | i) ਕੋਰਸ ਦੇ ਨਿਯਮਾਂ/ਪਾਠਕ੍ਰਮ 'ਚ ਤਬਦੀਲੀ ਜਾਂ ਸੋਧ ਬੋਰਡ ਦੇ ਨਿਰਦੇਸ਼ਾਂ ਅਨੁਸਾਰ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਹੈ। |

| | | |
|---|---|---|
| 16. | ਰਿਸੋਰਸ-ਪਰਸਨਜ਼ ਲਈ ਮਿਹਨਤਾਨਾ | ਜੇ ਕਰ ਲੋੜ ਪੈਂਦੀ ਹੈ ਤਾਂ ਕੁੱਝ ਲੈਕਚਰ ਕੇਂਦਰ ਤੋਂ ਬਾਹਰਲੇ ਕੰਪਿਊਟਰ ਮਾਹਿਰਾਂ/ਅਧਿਆਪਕਾਂ/ਗੈੱਸਟ ਫੈਕਲਟੀ ਤੋਂ ਕਰਵਾਏ ਜਾ ਸਕਦੇ ਹਨ ਜਿਨ੍ਹਾਂ ਦੀ ਅਦਾਇਗੀ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਕੀਤੀ ਜਾਵੇਗੀ। |

## ਸਰਟੀਫਿਕੇਟ ਕੋਰਸ ਇਨ ਪੰਜਾਬੀ ਕੰਪਿਊਟਿੰਗ (CCPC) (03 months)

### ਪ੍ਰੀਖਿਆ (2021-22)

**ਕੁੱਲ ਅੰਕ: 400** **ਪੜ੍ਹਾਈ ਦੇ ਕੁੱਲ ਘੰਟੇ: 120**

### ਵਿਸ਼ਾ-ਵਾਰ ਅੰਕ

| ਪੇਪਰ | ਵਿਸ਼ਾ | ਅੰਦਰੂਨੀ ਅੰਕ | ਬਾਹਰੀ ਅੰਕ | ਕੁੱਲ ਅੰਕ | ਪਾਸ ਅੰਕ |
|---|---|---|---|---|---|
| **CCPC-101** | ਕੰਪਿਊਟਰ ਬਾਰੇ ਮੁੱਢਲਾ ਗਿਆਨ ਅਤੇ ਪੰਜਾਬੀ ਕੰਪਿਊਟਿੰਗ (Computer Basics and Punjabi Computing) | 50 | 50 | 100 | 70 |
| **CCPC-102** | ਪ੍ਰੋਜੈਕਟ (Project) | 100 | 200 | 300 | 210 |
| | | | | 400 | 280 |

(2021-22 ਸੈਸ਼ਨ ਲਈ)

ਸਰਟੀਫਿਕੇਟ ਕੋਰਸ ਇਨ ਪੰਜਾਬੀ ਕੰਪਿਊਟਿੰਗ(**CCPC**)(03 months)

## CCPC-101: ਕੰਪਿਊਟਰ ਬਾਰੇ ਮੁੱਢਲਾ ਗਿਆਨ ਅਤੇ ਪੰਜਾਬੀ ਕੰਪਿਊਟਿੰਗ (Computer Basics and Punjabi Computing)

ਕੁੱਲ ਲੈਕਚਰ: 100

ਕੁੱਲ ਅੰਕ: 100 — ਪਾਸ ਹੋਣ ਲਈ ਅੰਕ: 70

ਅੰਦਰੂਨੀ ਮੁਲਾਂਕਣ: 50 — ਅੰਦਰੂਨੀ ਮੁਲਾਂਕਣ ਵਿਚੋਂ ਪਾਸ ਹੋਣ ਲਈ ਅੰਕ: 35

ਬਾਹਰੀ ਪ੍ਰੀਖਿਆ: 50 — ਬਾਹਰੀ ਮੁਲਾਂਕਣ ਵਿਚੋਂ ਪਾਸ ਹੋਣ ਲਈ ਅੰਕ: 35

| |
|---|
| **ਨੋਟ:** ਕੋਰਸ ਦਾ ਕੋਈ ਲਿਖਤੀ ਪੇਪਰ ਨਹੀਂ ਹੋਵੇਗਾ ਅਤੇ ਸਾਰ ਕੋਰਸ ਪੜਾਉਣ ਲੈਬ ਵਿੱਚ ਪ੍ਰਾਕਟਿਕਲ ਕਰਵਾ ਕੇ ਪੜਾਇਆ ਜਾਵੇਗਾ। 1 ਘੰਟੇ ਦੇ ਪ੍ਰੈਕਟਿਕਲ ਸੈਸ਼ਨ ਜਾਂ ਵਿਚਾਰ ਵਟਾਂਦਰੇ ਨੂੰ 1 ਘੰਟੇ ਦੇ ਵਰਕਲੋਡ ਦੇ ਬਰਾਬਰ ਹੀ ਗਿਣਿਆ ਜਾਵੇਗਾ। ਕੋਰਸ ਦੀ ਕਲਾਸ ਰੋਜਾਨਾ ਤਿੰਨ ਘੰਟੇ ਲੱਗੇਗੀ (ਬਾਅਦ ਦੁਪਹਿਰ 2 ਵਜੇ ਤੋਂ ਪੰਜ ਵਜੇ ਤਕ) |
| **ਅੰਦਰੂਨੀ ਮੁਲਾਂਕਣ (50) :**<br>ਕੋਰਸ ਦੇ ਦੌਰਾਨ ਦੋ ਵਾਰ ਅੰਦਰੂਨੀ ਪ੍ਰੀਖਿਆ ਲਈ ਜਾਵੇਗੀ। ਹਰ ਇਕ ਅੰਦਰੂਨੀ ਪ੍ਰੀਖਿਆ ਦਾ ਮੁਲਾਂਕਣ ਹੇਠ ਦਰਸਾਏ ਅਨੁਸਾਰ ਹੈ:<br>i. ਮੌਖਿਕ ਪ੍ਰੀਖਿਆ (Viva Voce): 10 ਅੰਕ<br>ii. ਪ੍ਰੈਕਟੀਕਲ ਕਾਰਜ: 15 ਅੰਕ |
| **ਬਾਹਰੀ ਮੁਲਾਂਕਣ(50):**<br>ਬਾਹਰੀ ਪ੍ਰੀਖਿਆ ਦਾ ਮੁਲਾਂਕਣ ਹੇਠ ਦਰਸਾਏ ਅਨੁਸਾਰ ਹੈ:<br>iii. ਮੌਖਿਕ ਪ੍ਰੀਖਿਆ (Viva Voce): 10 ਅੰਕ<br>iv. ਪ੍ਰੈਕਟੀਕਲ ਕਾਰਜ : 4 0 ਅੰਕ |

### ਭਾਗ - ੳ

ਕੰਪਿਊਟਰ ਬਾਰੇ ਮੁੱਢਲਾ ਗਿਆਨ: ਕੀ-ਬੋਰਡ, ਮਾਊਸ, ਸਕੈਨਰ, ਟੱਚ ਸਕਰੀਨ, ਮਾਈਕ, ਵੈੱਬ ਕੈਮ, ਮੌਨੀਟਰ, ਸਪੀਕਰ, ਪ੍ਰਿੰਟਰ, ਪਲੋਟਰ, ਪ੍ਰੋਜੈਕਟਰ। ਸੀਪੀਯੂ ਅਤੇ ਸਟੋਰੇਜ ਭਾਗ: ਸੀਪੀਯੂ (CPU)- ਏਐੱਲਯੂ (ALU), ਸੀਯੂ (CU), ਐੱਮਯੂ (MU), ਰੈਮ (RAM), ਰੋਮ (ROM); ਹਾਰਡ ਡਿਸਕ, ਐੱਸਐੱਸਡੀ (SSD), ਸੀਡੀ/ਡੀਵੀਡੀ (CD/DVD), ਪੈੱਨ ਡਰਾਈਵ, ਮੈਮਰੀ ਕਾਰਡ, ਕਲਾਊਡ ਸਟੋਰੇਜ। ਹਾਰਡਵੇਅਰ ਅਤੇ ਸਾਫ਼ਟਵੇਅਰ, ਓਪਰੇਟਿੰਗ ਸਿਸਟਮ ਬਾਰੇ ਜਾਣ-ਪਛਾਣ, ਸਾਫਟਵੇਅਰ ਦੀਆਂ ਕਿਸਮਾਂ, ਸ਼ੇਅਰਵੇਅਰ, ਫਰੀਵੇਅਰ, ਓਪਨ ਸੋਰਸ ਸਾਫਟਵੇਅਰ।

ਇੰਟਰਨੈੱਟ ਬਾਰੇ ਮੁੱਢਲੀ ਜਾਣਕਾਰੀ: ਡੋਮੇਨ ਨਾਂਅ ਪ੍ਰਣਾਲੀ (DNS), ਯੂਆਰਐਲ (URL), ਇੰਟਰਨੈੱਟ ਕੁਨੈਕਸ਼ਨ ਦੀਆਂ ਕਿਸਮਾਂ, ਲੋੜਾਂ, ਵੈੱਬ ਬ੍ਰਾਊਜ਼ਰ ਅਤੇ ਸਰਚ ਇੰਜਣ

ਪੰਜਾਬੀ ਕੰਪਿਊਟਿੰਗ ਬਾਰੇ ਜਾਣ ਪਛਾਣ; ਯੂਨੀਕੋਡ ਅਤੇ ਪੰਜਾਬੀ; ਕੰਪਿਊਟਰਾਂ / ਸਮਾਰਟ ਫੋਨਾਂ ਤੇ ਪੰਜਾਬੀ ਟਾਈਪਿੰਗ : ਵੱਖਰੇ ਵੱਖਰੇ ਤਰਾਂ ਦੇ ਕੀਬੋਰਡ ਲੇਆਉਟ ਨਾਲ ਜਾਣ ਪਛਾਣ - ਇਨਸਕ੍ਰਿਪਟ ਕੀ-ਬੋਰਡ, ਫੋਨੈਟਿਕ ਅਤੇ ਰਮਿੰਗਟਨ ਕੀ-ਬੋਰਡ, ਰੋਮਨਾਈਜਡ ਕੀ-ਬੋਰਡ; ਪੰਜਾਬੀ ਕੀ-ਬੋਰਡ ਨੂੰ ਇੰਸਟਾਲ ਕਰਨਾ ਅਤੇ ਇਸਤੇਮਾਲ ਕਰਨ ਬਾਰੇ ਜਾਣਕਾਰੀ - ਵਿੰਡੋਜ਼ ਓਪਰੇਟਿੰਗ ਸਿਸਟਮ, ਲੀਨਕਸ ਓਪਰੇਟਿੰਗ ਸਿਸਟਮ, ਮੈਕ ਓਪਰੇਟਿੰਗ ਸਿਸਟਮ, ਐਂਡਰਾਇਡ ਮੋਬਾਈਲ ਫ਼ੋਨ, ਆਈ ਫ਼ੋਨ ਮੋਬਾਈਲ ਫ਼ੋਨ; ਪੰਜਾਬੀ ਟੈਕਸਟ ਨੂੰ ਇਨਪੁੱਟ ਕਰਨ ਦੇ ਢੰਗ - ਬੋਲ ਕੇ ਟਾਈਪ ਕਰਨਾ , ਓ.ਸੀ.ਆਰ. ਰਾਹੀਂ , ਹੱਥ ਨਾਲ ਲਿਖ ਕੇ;

**ਭਾਗ - ਅ**

ਵੱਖ ਵੱਖ ਵਾਤਾਵਰਣ ਵਿਚ ਪੰਜਾਬੀ ਵਿਚ ਦਸਤਾਵੇਜ਼ ਤਿਆਰ ਕਰਨਾ (ਸਪੈਲਿੰਗ / ਵਿਆਕਰਨ ਜਾਂਚ, ਬਹੁ ਭਾਸ਼ਾਈ ਲੱਭੋ / ਬਦਲੋ, ਸ਼ਬਦ-ਕੋਸ਼ ਅਤੇ ਥੀਸੌਰਸ, ਲੜੀਬੱਧ)- ਵਿੰਡੋਜ਼ ਓਪਰੇਟਿੰਗ ਸਿਸਟਮ, ਲੀਨਕਸ ਓਪਰੇਟਿੰਗ ਸਿਸਟਮ, ਮੈਕ ਓਪਰੇਟਿੰਗ ਸਿਸਟਮ, ਗੂਗਲ ਡੌਕਸ ; ਪੰਜਾਬੀ ਟੈਕਸਟ ਦੀ ਵਰਤੋਂ ਕਰਕੇ ਪ੍ਰੇਜ਼ੇਂਟੇਸ਼ਨ ਬਣਾਉਣਾ , ਸਪਰੈੱਡਸ਼ੀਟ ਵਿਚ ਪੰਜਾਬੀ ਦੀ ਵਰਤੋਂ ਕਰਨਾ (ਵਿੰਡੋਜ਼, ਮੈਕ ਅਤੇ ਲੀਨਕਸ ਓਪਰੇਟਿੰਗ ਸਿਸਟਮ ਲਈ), ਪੰਜਾਬੀ ਭਾਸ਼ਾ ਦੇ ਆਨਲਾਈਨ ਸਰੋਤ ਅਤੇ ਵਰਤੋਂ ਦੀ ਜਾਣਕਾਰੀ -ਫੌਂਟ ਕਨਵਰਟਰ, ਸਪੈੱਲ ਚੈੱਕਰ, ਵਿਆਕਰਨ ਜਾਂਚ ਕਰਤਾ, ਲਿਪੀਅੰਤਰ ਸੰਦ, ਅਨੁਵਾਦ ਸੰਦ, ਸ਼ਬਦ-ਕੋਸ਼, ਓ.ਸੀ.ਆਰ., ਪੰਜਾਬੀਪੀਡੀਆ; ਪੰਜਾਬੀ ਭਾਸ਼ਾ ਦੇ ਆਧੁਨਿਕ ਆਨਲਾਈਨ ਪ੍ਰੋਸੈਸਿੰਗ ਸਰੋਤ ਅਤੇ ਵਰਤੋਂ ਦੀ ਜਾਣਕਾਰੀ - ਪਾਰਟ ਔਫ ਸਪੀਚ ਟੈਗਰ , ਪੰਜਾਬੀ ਸਟੈਮਰ, ਮਲਟੀ ਵਰਡ ਏਕ੍ਸਪ੍ਰੇਸ਼ਨ , ਸਾਹਿਤ ਚੋਰੀ ਫੜਨ ਵਾਲੇ ਸਾਫ਼ਟਵੇਅਰ, ਭਾਵਨਾ ਵਿਸ਼ਲੇਸ਼ਣ, ਪੰਜਾਬੀ ਕਾਰਪਸ ਵਿਸ਼ਲੇਸ਼ਣ ਟੂਲ, ਤੁਲਨਾਤਮਿਕ ਕਾਰਪਸ ਤੋਂ ਪੈਰਲਲ ਕਾਰਪਸ ਕੱਢਣ ਵਾਲੇ ਸੰਦ; ਵੱਖ ਵੱਖ ਐਪਲੀਕੇਸ਼ਨਾਂ ਵਿਚ ਪੰਜਾਬੀ ਦੀ ਵਰਤੋਂ ਕਰਨਾ – ਬਲੌਗ, ਟਵਿੱਟਰ, ਇੰਸਟਾਗ੍ਰਾਮ, ਫੇਸ ਬੁੱਕ, ਵੈੱਬ ਤੇ ਖੋਜ, ਆਡੀਓ ਫਾਈਲਾਂ ਬਣਾਉਣਾ, ਵੀਡੀਓ ਬਣਾਉਣਾ, ਚਿੱਤਰ ਬਣਾਉਣਾ, ਪੰਜਾਬੀ ਡੋਮੇਨ ਨਾਮ ਰਜਿਸਟਰ ਕਰਵਾਉਣਾ

## CCPC-102 : ਪ੍ਰੋਜੈਕਟ (Project )

ਕੁੱਲ ਲੈਕਚਰ : 20

ਕੁੱਲ ਅੰਕ: 300

ਪਾਸ ਹੋਣ ਲਈ ਅੰਕ: 210

ਅੰਦਰੂਨੀ ਮੁਲਾਂਕਣ: 100

ਅੰਦਰੂਨੀ ਮੁਲਾਂਕਣ ਵਿਚੋਂ ਪਾਸ ਹੋਣ ਲਈ ਅੰਕ: 70

ਬਾਹਰੀ ਪ੍ਰੀਖਿਆ: 200

ਬਾਹਰੀ ਮੁਲਾਂਕਣ ਵਿਚੋਂ ਪਾਸ ਹੋਣ ਲਈ ਅੰਕ: 140

| |
|---|
| **ਨੋਟ:** ਵਿਦਿਆਰਥੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੰਜਾਬੀ ਨਾਲ ਸੰਬੰਧਿਤ ਵਿਭਾਗ ਜਿਵੇਂ ਕਿ ਪੰਜਾਬੀਪੀਡੀਆ ਸੈਂਟਰ, ਪੰਜਾਬੀ ਵਿਕਾਸ ਵਿਭਾਗ, ਪਬਲੀਕੇਸ਼ਨ ਬਿਊਰੋ, ਪੰਜਾਬੀ ਭਾਸ਼ਾ ਤਕਨਾਲੋਜੀ ਦਾ ਖੋਜ ਕੇਂਦਰ ਆਦਿ ਵਿਚੋਂ ਕਿਸੇ ਇਕ ਵਿਭਾਗ ਵਿਖੇ ਜਾਂ ਆਪ ਹੀ ਪ੍ਰੋਜੈਕਟ ਚੁਣ ਕੇ 1 ਮਹੀਨੇ ਦੇ ਵਿਚ-ਵਿਚ CCPC-101 ਕੋਰਸ ਵਿਚ ਪੜ੍ਹਾਈ ਗਈ ਸਮਗਰੀ ਨੂੰ ਵਰਤ ਕੇ ਵੱਡਾ ਪ੍ਰੋਜੈਕਟ ਪੂਰਾ ਕਰੇਗਾ । ਵਿਦਿਆਰਥੀ ਆਪਣੇ ਅਧਿਆਪਕ ਨਾਲ ਰੋਜਾਨਾ ਇੱਕ ਘੰਟਾ ਬੈਠ ਕੇ ਕੀਤੇ ਕੰਮ ਬਾਰੇ ਵਿਚਾਰ ਵਟਾਂਦਰਾ ਕਰੇਗਾ। ਅਧਿਆਪਕ ਦੁਆਰਾ ਵਿਦਿਆਰਥੀ ਨਾਲ 1 ਘੰਟੇ ਦੇ ਵਿਚਾਰ ਵਟਾਂਦਰੇ ਦੀ ਕਲਾਸ ਨੂੰ ਅਧਿਆਪਕ ਦੇ 1 ਘੰਟੇ ਦੇ ਵੋਰਕਲੋਡ ਦੇ ਬਰਾਬਰ ਗਿਣਿਆ ਜਾਵੇਗਾ। |
| **ਅੰਦਰੂਨੀ ਪ੍ਰੀਖਿਅਕ ਦੁਆਰਾ ਪ੍ਰੋਜੈਕਟ ਦਾ ਮੁਲਾਂਕਣ (100 ਅੰਕ )** ਲਗਾਤਾਰਤਾ ਵਿਚ ਕੀਤਾ ਜਾਵੇਗਾ ਜਿਸ ਵਿਚ ਤੁਹਾਡੇ ਵੱਲੋਂ ਅੰਦਰੂਨੀ ਪ੍ਰੀਖਿਅਕ ਨੂੰ ਆਪਣੇ ਪ੍ਰੋਜੈਕਟ ਬਾਰੇ ਰੁਟੀਨ ਵਿੱਚ ਅੱਪਡੇਟ ਕਰਨਾ, ਅੰਦਰੂਨੀ ਪ੍ਰੀਖਿਅਕ ਦੁਆਰਾ ਵਿਦਿਆਰਥੀ ਨਾਲ ਪ੍ਰੋਜੈਕਟ ਬਾਰੇ ਵਿਚਾਰ ਵਟਾਂਦਰੇ ਦੌਰਾਨ ਉਸ ਦੇ ਗਿਆਨ ਬਾਰੇ ਮੁਲਾਂਕਣ, ਵਿਦਿਆਰਥੀ ਦੀ ਕੰਮ ਨੂੰ ਲੈ ਕੇ ਗੰਭੀਰਤਾ ਆਦਿ ਸ਼ਾਮਿਲ ਹੋਣਗੇ। |
| **ਬਾਹਰੀ ਪ੍ਰੀਖਿਅਕ ਦੁਆਰਾ ਪ੍ਰੋਜੈਕਟ ਦਾ ਮੁਲਾਂਕਣ (200 ਅੰਕ)** ਵਿਦਿਆਰਥੀ ਦੁਆਰਾ ਪੀ.ਪੀ. ਟੀ. ਰਾਹੀਂ ਪ੍ਰੋਜੈਕਟ ਨੂੰ ਸਮਝਾਉਣਾ, ਪ੍ਰੋਜੈਕਟ ਦਾ ਪ੍ਰਦਰਸ਼ਨ ਕਰਨ, ਪ੍ਰੋਜੈਕਟ ਵਿਚ ਵਰਤੇ ਗਏ ਪੰਜਾਬੀ ਕੰਪਿਊਟਿੰਗ ਦੇ ਕੰਸੈਪਟ ਬਾਰੇ ਦੱਸਣਾ ਆਦਿ ਦੇ ਆਧਾਰ ਤੇ ਕੀਤਾ ਜਾਵੇਗਾ। |